## ਭੂਮਿਕਾ

Scottish Court Service (SCS) ਸਕਾੱਟਲੈਂਡ ਵਿਚਲੀਆਂ ਅਦਾਲਤਾਂ ਦੀ ਦਿਨ-ਬ-ਦਿਨ ਦੀਆਂ ਕਾਰਵਾਈਆਂ ਅਤੇ ਪਬਲਿਕ ਗਾਰਜੀਅਨ ਦਾ ਦਫ਼ਤਰ ਚਲਾਉਣ ਲਈ ਜ਼ਿੰਮੇਵਾਰ ਇੱਕ ਖ਼ੁਦਮੁਖ਼ਤਾਰ, ਕਾਨੂੰਨੀ ਸੰਸਥਾ ਹੈ।

ਇਹ ਇੱਕ ਕਾਰਪੋਰੇਟ ਬੋਰਡ ਵਲੋਂ ਚਲਾਈ ਜਾਂਦੀ ਹੈ, ਜਿਸਦੀ ਪ੍ਰਧਾਨਗੀ ਲਾੱਰਡ ਪ੍ਰੈਜ਼ੀਡੈਂਟ ਕਰਦੇ ਹਨ, ਜੋ ਕਿ ਸਕਾੱਟਲੈਂਡ ਵਿਚ ਸਭ ਤੋਂ ਸੀਨੀਅਰ ਜੱਜ ਹੁੰਦੇ ਹਨ। ਸਕਾੱਟਿਸ਼ ਅਦਾਲਤੀ ਸਿਲਸਿਲੇ ਦੇ ਮੁਖੀ ਵਜੋਂ the Lord President ਦੀ ਅਦਾਲਤਾਂ ਦੇ ਕੰਮਕਾਜ ਨੂੰ ਕੁਸ਼ਲ ਢੰਗ ਨਾਲ ਚਲਾਉਣ ਅਤੇ ਜੱਜਾਂ, ਸ਼ੈਰਿਫ਼ਸ ਅਤੇ ਦੂਜੇ ਅਦਾਲਤੀ ਅਹੁਦਿਆਂ 'ਤੇ ਬੈਠੇ ਲੋਕਾਂ ਦੀ ਭਲਾਈ, ਸਿਖਲਾਈ ਅਤੇ ਸੇਧ ਦੇਣ ਦੀ ਨਿਗਰਾਨੀ ਕਰਨ ਦੀ ਵੀ ਜ਼ਿੰਮੇਵਾਰੀ ਹੁੰਦੀ ਹੈ।

ਹੋਰ ਜਾਣਕਾਰੀ ਲਈ www.scotcourts.gov.uk/courtsadmin/SCS.asp 'ਤੇ ਵਿਜ਼ਿਟ ਕਰੋ

ਸਕਾੱਟਿਸ਼ ਕੋਰਟ ਸਰਵਿਸ ਅਦਾਲਤਾਂ, ਨਿਆਂ-ਪ੍ਰਬੰਧ ਦੇ ਮੈਂਬਰਾਂ ਅਤੇ Office of the Public Guardian ਦੇ ਕੰਮਕਾਜ ਵਾਸਤੇ ਸਹਿਯੋਗ ਲਈ ਲੋਕ, ਇਮਾਰਤਾਂ ਅਤੇ ਤਕਨਾਲੋਜੀ ਮੁਹਈਆ ਕਰਾਕੇ ਨਿਆਂ ਤੱਕ ਪਹੁੰਚ ਨੂੰ ਅਸਾਨ ਬਣਾਉਂਦੀ ਹੈ।

Scottish Court Service ਵਲੋਂ ਚਲਾਈਆਂ ਜਾ ਰਹੀਆਂ ਸਕਾੱਟਿਸ਼ ਅਦਾਲਤਾਂ ਹਨ;

- **Supreme Courts of Scotland**, ਸੈਸ਼ਨ ਅਦਾਲਤ ਅਤੇ ਹਾਈ ਕੋਰਟ ਆੱਫ਼ ਜਸਟੀਸ਼ੀਅਰੀ ਨਾਲ ਬਣਦੀ ਹੈ
- **Sheriff Courts**, ਅਤੇ
- **Justice of the Peace Courts.**

## ਸਕਾੱਟਲੈਂਡ 'ਚ ਸੁਪਰੀਮ ਕੋਰਟ

### ਕੋਰਟ ਆੱਫ਼ ਸੈਸ਼ਨ

Court of Session ਐਡਿਨਬਰਾ ਵਿਚ ਪਾਰਲੀਮੈਂਟ ਹਾਉਸ ਅੰਦਰ ਲੱਗਦੀ ਹੈ ਅਤੇ ਸਕਾੱਟਲੈਂਡ ਵਿਚਲੇ ਵੱਡੇ ਦੀਵਾਨੀ ਕੇਸਾਂ ਨੂੰ ਨਿਪਟਾਉਂਦੀ ਹੈ, ਜਿਸ ਵਿਚ ਲੋਕਾਂ ਅਤੇ/ਜਾਂ ਜਥੇਬੰਦੀਆਂ ਵਿਚਕਾਰ ਹੋਣ ਵਾਲੇ ਵਿਵਾਦ ਸ਼ਾਮਿਲ ਹਨ। ਪਹਿਲਾਂ ਕੇਸਾਂ ਦੀ ਸੁਣਵਾਈ **ਆਉਟਰ ਹਾਉਸ** ਵਿਚ ਹੁੰਦੀ ਹੈ, ਆਮ ਤੌਰ 'ਤੇ ਇਕੱਲੇ ਜੱਜ ਦੇ ਸਾਹਮਣੇ। **ਇਨਰ ਹਾਉਸ** ਮੁਢਲੇ ਤੌਰ 'ਤੇ ਆਉਟਰ ਹਾਉਸ, ਸ਼ੈਰਿਫ਼ ਅਦਾਲਤਾਂ ਅਤੇ ਟ੍ਰਾਇਬਿਊਨਲਾਂ ਤੋਂ ਆਉਣ ਵਾਲੀਆਂ ਅਪੀਲਾਂ ਦੀ ਸੁਣਵਾਈ ਕਰਦਾ ਹੈ ਅਤੇ ਬੈਂਚ ਘੱਟੋ-ਘੱਟ ਤਿੰਨ ਜੱਜਾਂ ਦਾ ਹੁੰਦਾ ਹੈ। ਉਚੇਰੀ ਅਪੀਲ UK Supreme Court ਜਾਂ ਸਟ੍ਰਾਸਬਰਗ ਵਿਚਲੀ European Court of Human Rights ਵਿਖੇ ਕੀਤੀ ਜਾ ਸਕਦੀ ਹੈ।
SCS ਬਹੁਤ ਸਾਰੇ ਵਿਭਾਗਾਂ ਰਾਹੀਂ ਕੋਰਟ ਆੱਫ਼ ਸੈਸ਼ਨ ਨੂੰ ਸਹਿਯੋਗ ਦਿੰਦੀ ਹੈ, ਜਿਸ ਵਿਚ ਸ਼ਾਮਿਲ ਹਨ:

**ਪਟੀਸ਼ਨ ਵਿਭਾਗ** – ਬੱਚਾ ਗੋਦ ਲੈਣ, ਦਿਵਾਲੀਆ, ਕੰਪਨੀ ਦਾ ਦਿਵਾਲੀਆ, ਅਦਾਲਤੀ ਪਹਿਲੂ ਅਤੇ ਅਦਾਲਤੀ ਜਾਇਜ਼ੇ, ਟ੍ਰਸਟ, ਮੁਅੱਤਲੀ ਅਤੇ ਵਿਚ-ਵਿਚ ਦਿੱਤੇ ਜਾਣ ਵਾਲੇ ਫ਼ੈਸਲਿਆਂ ਨਾਲ ਸਬੰਧਿਤ ਅਰਜ਼ੀਆਂ ਨਾਲ ਨਜਿੱਠਦਾ ਹੈ।
**ਆਮ ਵਿਭਾਗ** – ਇੱਕ ਵਿਅਕਤੀ ਵਲੋਂ ਦੂਜੇ ਵਿਰੁਧ ਕਾਨੂੰਨੀ ਮਾਮਲਿਆਂ, ਜਿਸ ਵਿਚ ਕਰਜ਼ੇ, ਹਰਜਾਨੇ ਜਾਂ ਤਲਾਕ ਸਬੰਧੀ ਕਾਰਵਾਈਆਂ ਸ਼ਾਮਿਲ ਹਨ, ਸਬੰਧੀ ਕਾਰਵਾਈ ਕੀਤੇ ਜਾਣ ਕਾਰਣ ਸੰਮਨ ਜਾਰੀ ਹੋਣ 'ਤੇ ਬਣੀਆਂ ਆਮ ਕਾਰਵਾਈਆਂ ਨਾਲ ਨਜਿੱਠਦਾ ਹੈ।
**ਐਕਸਟ੍ਰੈਕਟਸ ਵਿਭਾਗ** – ਅਦਾਲਤੀ ਹੁਕਮਾਂ ਦੀਆਂ ਸਰਕਾਰੀ ਤੌਰ 'ਤੇ ਤਸਦੀਕਸ਼ੁਦਾ ਨਕਲਾਂ ਜਾਰੀ ਕਰਦਾ ਹੈ, ਤਾਂ ਜੋ ਫ਼ੈਸਲਿਆਂ ਨੂੰ ਲਾਗੂ ਕਰਵਾਇਆ ਜਾ ਸਕੇ।
**ਕੰਮਕਾਜ ਸਬੰਧੀ ਦਸਤਾਵੇਜ਼ ਰਖਣ ਵਾਲੇ ਦਾ ਦਫ਼ਤਰ** – ਕੋਰਟ ਆੱਫ਼ ਸੈਸ਼ਨ ਦੇ ਕੰਮਕਾਜ ਦਾ ਵੇਰਵਾ ਤਿਆਰ ਕਰਦਾ ਹੈ ਅਤੇ ਅਦਾਲਤੀ ਕੰਮਕਾਜਾਂ ਦਾ ਰੋਜ਼ਮੱਰਾ ਅਤੇ ਹਫ਼ਤਾਵਾਰੀ ਟਾਈਮਟੇਬਲ ਬਣਾਉਂਦਾ ਹੈ।

*ਹੋਰ ਜਾਣਕਾਰੀ ਲਈ www.scotcourts.gov.uk/session/index.asp 'ਤੇ ਵਿਜ਼ਿਟ ਕਰੋ*

### ਹਾਈ ਕੋਰਟ ਆੱਫ਼ ਜੁਡੀਸ਼ਰੀ

ਹਾਈ ਕੋਰਟ, ਜਿਸਦੇ ਅਧਿਕਾਰ-ਖੇਤਰ ਵਿਚ ਸਾਰਾ ਸਕਾੱਟਲੈਂਡ ਆਉਂਦਾ ਹੈ, ਪੂਰੇ ਸਮੇਂ ਐਡਿਨਬਰਾ, ਗਲਾਸਗੋ ਅਤੇ ਅਬਰਡੀਨ 'ਚ ਲੱਗਦੀ ਹੈ। ਇਹ ਹੋਰਨਾਂ ਸ਼ਹਿਰਾਂ ਜਾਂ ਕਸਬਿਆਂ ਵਿਚ ਸ਼ੈਰਿਫ਼ ਅਦਾਲਤ ਦੀਆਂ ਇਮਾਰਤਾਂ ਵਿਚ ਵੀ ਆਰਜ਼ੀ ਤੌਰ 'ਤੇ ਲੱਗਦੀ ਹੈ ਅਤੇ ਸਭ ਤੋਂ ਗੰਭੀਰ ਮੁਜਰਮਾਨਾ ਕੇਸਾਂ, ਜਿਹਨਾਂ ਵਿਚ ਕਤਲ, ਗ਼ੈਰ-ਇਰਾਦਤਨ ਕਤਲ, ਬਲਾਤਕਾਰ, ਹਥਿਆਰਾਂ ਨਾਲ ਡਕੈਤੀ ਅਤੇ ਨਸ਼ੀਲੇ ਪਦਾਰਥਾਂ ਦਾ ਗ਼ੈਰਕਾਨੂੰਨੀ ਕਾਰੋਬਾਰ ਸ਼ਾਮਿਲ ਹੈ, ਨਾਲ ਨਜਿੱਠਦੀ ਹੈ। ਇਹ ਸੁਣਵਾਈ ਇੱਕ ਜੱਜ ਅਤੇ ਆਮ ਲੋਕਾਂ ਵਿਚੋਂ ਬੇਤਰਤੀਬੀ ਨਾਲ ਚੁਣੇ ਗਏ 15 ਵਿਅਕਤੀਆਂ ਦੀ ਜਿਊਰੀ ਵਲੋਂ ਕੀਤੀ ਜਾਂਦੀ ਹੈ। ਦੋਸ਼ੀ ਐਲਾਨੇ ਜਾਣ ਦੇ ਫ਼ੈਸਲੇ ਮਗਰੋਂ ਅਦਾਲਤ ਅਸੀਮਤ ਜੁਰਮਾਨਾ ਲਾ ਅਤੇ ਉਮਰ ਕੈਦ ਦੀ ਸਜ਼ਾ ਵੀ ਸੁਣਾ ਸਕਦੀ ਹੈ। ਐਡਿਨਬਰਾ ਵਿਚਲੀ ਹਾਈ ਕੋਰਟ ਮੁਜਰਮਾਨਾ ਕੇਸਾਂ ਸਬੰਧੀ ਅਪੀਲ ਸੁਣਨ ਵਾਲੀ ਅਦਾਲਤ ਵੀ ਹੈ। SCS ਮੁਢਲੇ ਤੌਰ 'ਤੇ ਮੁਖ ਨਿਆਂਕਾਰ ਦੇ ਦਫ਼ਤਰ ਰਾਹੀਂ ਹਾਈ ਕੋਰਟ ਦੇ ਕੰਮ ਵਿਚ ਸਹਿਯੋਗ ਦਿੰਦੀ ਹੈ, ਜਿਸਦੀ ਜ਼ਿੰਮੇਵਾਰੀ ਹੈ, ਅਦਾਲਤ ਲਈ ਕਲਰਕ ਮੁਹਈਆ ਕਰਨਾ, ਅਦਾਲਤੀ ਕੰਮਕਾਜ ਦੀ ਸਮਾਂ-ਸੂਚੀ ਤਿਆਰ ਕਰਨਾ, ਜਿਊਰਰਾਂ ਦਾ ਪ੍ਰਬੰਧ ਕਰਨਾ ਅਤੇ ਅਦਾਲਤੀ ਰਿਕਾੱਰਡਾਂ 'ਤੇ ਅਮਲ ਕਰਨਾ।

*ਹੋਰ ਜਾਣਕਾਰੀ ਲਈ www.scotcourts.gov.uk/justiciary/just_office.asp 'ਤੇ ਵਿਜ਼ਿਟ ਕਰੋ*

## ਸ਼ੈਰਿਫ਼ ਅਦਾਲਤਾਂ

ਸਕਾੱਟਲੈਂਡ ਅੰਦਰ ਦਿਵਾਨੀ ਅਤੇ ਫ਼ੌਜਦਾਰੀ ਮਾਮਲਿਆਂ ਸਬੰਧੀ ਬਹੁਤਾ ਕੰਮ ਸ਼ੈਰਿਫ਼ ਅਦਾਲਤਾਂ ਵਲੋਂ ਵੇਖਿਆ ਜਾਂਦਾ ਹੈ, ਜਿਥੇ ਕਿ SCS ਦਾ ਜ਼ਿਆਦਾਤਰ ਸਟਾਫ਼ ਕੰਮ ਕਰਦਾ ਹੈ। ਸਕਾੱਟਲੈਂਡ ਵਿਚ 49 ਸ਼ੈਰਿਫ਼ ਅਦਾਲਤਾਂ ਨੂੰ ਛੇ ਭੂਗੋਲਿਕ ਸ਼ੈਰਿਫ਼ਾਂ ਦੇ ਅਧਿਕਾਰ-ਖੇਤਰ ਵਿਚ ਵੰਡਿਆ ਗਿਆ ਹੈ। ਹਰੇਕ ਸ਼ੈਰਿਫ਼ ਦੇ ਇਲਾਕੇ ਵਿਚ ਇੱਕ ਸ਼ੈਰਿਫ਼ ਪ੍ਰਿੰਸੀਪਲ ਹੁੰਦਾ ਹੈ, ਜੋ ਕਿ ਦਿਵਾਨੀ ਮਾਮਲਿਆਂ ਸਬੰਧੀ ਅਪੀਲਾਂ ਦੀ ਸੁਣਵਾਈ ਦੇ ਨਾਲ-ਨਾਲ ਸ਼ੈਰਿਫ਼ ਦੇ ਇਲਾਕੇ ਦੇ ਅੰਦਰ ਅਦਾਲਤੀ ਕੰਮਕਾਜ ਦੇ ਨਿਪਟਾਰੇ ਲਈ ਵੀ ਜ਼ਿੰਮੇਵਾਰ ਹੁੰਦਾ ਹੈ। ਅਦਾਲਤਾਂ ਦੇ ਕੰਮ ਨੂੰ ਤਿੰਨ ਪ੍ਰਮੁਖ ਖੇਤਰਾਂ ਵਿਚ ਵੰਡਿਆ ਗਿਆ ਹੈ – ਦਿਵਾਨੀ, ਫ਼ੌਜਦਾਰੀ, ਅਤੇ ਕਮਿਸ਼ਰੀ – ਅਤੇ ਇਸਦਾ ਪ੍ਰਬੰਧ ਸਥਾਨਕ ਸ਼ੈਰਿਫ ਕਲਰਕਾਂ ਅਤੇ ਉਹਨਾਂ ਦੇ ਸਟਾਫ਼ ਵਲੋਂ ਕੀਤਾ ਜਾਂਦਾ ਹੈ।

### ਦਿਵਾਨੀ

ਅਦਾਲਤੀ ਕੰਮਕਾਜ ਦਾ ਇਹ ਖੇਤਰ ਮੁਖ ਤੌਰ 'ਤੇ ਲੋਕਾਂ ਅਤੇ/ਜਾਂ ਜਥੇਬੰਦੀਆਂ ਦਰਮਿਆਨ ਝਗੜਿਆਂ ਨਾਲ ਨਜਿੱਠਦਾ ਹੈ ਅਤੇ ਇਸ ਨੂੰ ਤਿੰਨ ਪ੍ਰਮੁਖ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ:

***ਸਧਾਰਣ ਕਾਰਵਾਈਆਂ*** – ਵਿਚ ਤਲਾਕ, ਬੱਚੇ, ਸੰਪਤੀ ਸਬੰਧੀ ਵਿਵਾਦ ਅਤੇ ਕਰਜ਼ੇ ਦਾ ਭੁਗਤਾਨ ਸ਼ਾਮਿਲ ਹੈ।
***ਮਾਮੂਲੀ ਕਾਰਣ*** – ਵਿਚ ਕਿਰਾਏ, ਸਮਾਨ ਦੀ ਡਿਲੀਵਰੀ ਅਤੇ ਕਰਜ਼ੇ ਸਬੰਧੀ ਵਿਵਾਦ ਸ਼ਾਮਿਲ ਹਨ।
***ਛੋਟੇ ਦਾਅਵੇ*** – ਛੋਟੇ-ਮੋਟੇ ਵਿਵਾਦਾਂ ਲਈ ਇੱਕ ਬਹੁਤ ਹੀ ਗ਼ੈਰ-ਰਸਮੀ ਅਮਲ ਹੈ, ਜਿਸ ਵਿਚ ਆਮ ਤੌਰ 'ਤੇ ਵਕੀਲਾਂ ਦੀ ਲੋੜ ਨਹੀਂ ਪੈਂਦੀ।

ਹੋਰ ਦਿਵਾਨੀ ਕਿਸਮ ਦੇ ਕੰਮਕਾਜਾਂ ਵਿਚ ਬੱਚੇ ਗੋਦ ਲੈਣ ਸਬੰਧੀ ਅਰਜ਼ੀਆਂ, ਕੰਪਨੀਆਂ ਦਾ ਦਿਵਾਲੀਆ, ਅਤੇ ਦਿਵਾਲੀਆ ਹੋਣਾ ਸ਼ਾਮਿਲ ਹੈ।

### ਕਮਿਸ਼ਰੀ

ਅਦਾਲਤੀ ਕੰਮਕਾਜ ਦਾ ਇਹ ਖੇਤਰ ਮੁਖ ਤੌਰ 'ਤੇ ਲੋਕਾਂ ਵਲੋਂ ਨੁਮਾਇੰਦੇ ਵਜੋਂ ਕੰਮ ਕਰਨ ਵਾਲੀ ਅਥਾੱਰਿਟੀ ਨਾਲ ਸਬੰਧਿਤ ਹੈ, ਜਿਵੇਂ ਕਿ ਕਿਸੇ ਮ੍ਰਿਤਕ ਵਿਅਕਤੀ ਦੀ ਜਾਇਦਾਦ ਨੂੰ ਵੰਡਣ ਵਾਲੇ ਵਿਅਕਤੀ (ਐਗਜ਼ੀਕਿਊਟਰਜ਼) ਵਜੋਂ।

### ਫ਼ੌਜਦਾਰੀ

ਦੋਸ਼ਾਂ ਦੀ ਗੰਭੀਰਤਾ ਦੇ ਅਧਾਰ 'ਤੇ ਕੇਸਾਂ ਨੂੰ ਆਮ ਤੌਰ 'ਤੇ ਦੋ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ:

***ਸੰਗੀਨ (Solemn)*** – ਜ਼ਿਆਦਾ ਗੰਭੀਰ ਕੇਸ, ਜਿਹਨਾਂ ਦੀ ਸੁਣਵਾਈ ਸ਼ੈਰਿਫ਼ ਅਤੇ ਜਿਊਰੀ ਦੇ ਸਾਹਮਣੇ ਹੁੰਦੀ ਹੈ ਅਤੇ ਜਿਹਨਾਂ ਵਿਚ ਕੈਦ ਜਾਂ ਹਿਰਾਸਤ ਦੀ ਨਿਗਰਾਨੀ ਸਬੰਧੀ ਸਜ਼ਾ ਪੰਜ ਸਾਲ ਤੱਕ ਹੋ ਸਕਦੀ ਹੈ ਅਤੇ ਅਸੀਮਤ ਜੁਰਮਾਨਾ ਹੋ ਸਕਦਾ ਹੈ।
***ਸੰਖੇਪ*** – ਕੇਸ, ਜੋ ਮਾਮੂਲੀ (ਸੰਖੇਪ) ਦੋਸ਼ਾਂ 'ਤੇ ਅਧਾਰਤ ਹੁੰਦੇ ਹਨ, ਦੀ ਸੁਣਵਾਈ ਬਿਨਾ ਜਿਊਰੀ ਵਾਲੀ ਸ਼ੈਰਿਫ਼ ਅਦਾਲਤ ਵਲੋਂ ਕੀਤੀ ਜਾਂਦੀ ਹੈ। ਜਦੋਂ ਤੱਕ ਕਾਨੂੰਨ ਵਿਚ ਸਪਸ਼ਟ ਤੌਰ 'ਤੇ ਨਾ ਕਿਹਾ ਗਿਆ ਹੋਵੇ, ਜੁਰਮਾਨੇ ਦੀ ਸੀਮਾ £10,000 ਤੱਕ ਹੋਣੀ ਚਾਹੀਦੀ ਹੈ ਅਤੇ ਕੈਦ ਜਾਂ ਹਿਰਾਸਤ 12 ਮਹੀਨਿਆਂ ਤੱਕ ਸੀਮਤ ਹੁੰਦੀ ਹੈ।

### ਘਾਤਕ ਹਾਦਸੇ ਦੀ ਜਾਂਚ-ਪੜਤਾਲ

ਕੰਮ ਵਾਲੀ ਥਾਂ ਜਾਂ ਘਾਤਕ ਹਾਦਸੇ ਵਿਚ ਮੌਤ ਹੋਣ 'ਤੇ ਜੇ ਲਗੇ ਕਿ ਜਾਂਚ ਕਰਨਾ ਲੋਕ ਭਲਾਈ ਵਿਚ ਹੋਏਗਾ, ਤਾਂ ਸਰਕਾਰੀ ਵਕੀਲ ਦੀ ਹਿਦਾਇਤ 'ਤੇ ਘਾਤਕ ਹਾਦਸੇ ਦੀ ਜਾਂਚ (FAI) ਕੀਤੀ ਜਾਂਦੀ ਹੈ।

*ਹੋਰ ਜਾਣਕਾਰੀ ਲਈ www.scotcourts.gov.uk/sheriff/index/asp 'ਤੇ ਵਿਜ਼ਿਟ ਕਰੋ*

## ਜਸਟਿਸ ਆੱਫ਼ ਦਿ ਪੀਸ ਕੋਰਟਸ

ਇਹਨਾਂ ਫ਼ੌਜਦਾਰੀ ਅਦਾਲਤਾਂ ਦੀ ਪ੍ਰਧਾਨਗੀ ਜਸਟਿਸ ਆੱਫ਼ ਦਿ ਪੀਸ (JP) ਵਲੋਂ ਕੀਤੀ ਜਾਂਦੀ ਹੈ, ਜੋ ਕਿ ਕਾਨੂੰਨੀ ਤੌਰ 'ਤੇ ਸਮਰੱਥ ਨਹੀਂ ਹੁੰਦਾ, ਪਰ ਉਹਨਾਂ ਨੂੰ ਅਦਾਲਤ ਦੇ ਕਾਨੂੰਨੀ ਤੌਰ 'ਤੇ ਯੋਗਤਾਪ੍ਰਾਪਤ ਕਲਰਕ ਵਲੋਂ ਸਹਿਯੋਗ ਅਤੇ ਸਲਾਹ ਦਿੱਤੀ ਜਾਂਦੀ ਹੈ। ਜੱਜ ਇਕੱਲੇ-ਇਕੱਲੇ ਜਾਂ ਦੋ ਜਾਂ ਤਿੰਨ ਜੱਜਾਂ ਦੀ ਸ਼ਮੂਲੀਅਤ ਵਾਲੀ ਬੈਂਚ ਦੇ ਤੌਰ 'ਤੇ ਵੀ ਬਹਿ ਸਕਦੇ ਹਨ। ਪੂਰੇ ਸਕਾੱਟਲੈਂਡ ਵਿਚ 50 ਜਸਟਿਸ ਆੱਫ਼ ਦਿ ਪੀਸ ਅਦਾਲਤਾਂ ਮੌਜੂਦ ਹਨ। ਜਦੋਂ ਤੱਕ ਕਿ ਕਾਨੂੰਨ ਵਿਚ ਸਪਸ਼ਟ ਤੌਰ 'ਤੇ ਨਾ ਕਿਹਾ ਗਿਆ ਹੋਵੇ, ਇਹਨਾਂ ਦੀ ਸਮਰੱਥਾ ਵੱਧ ਤੋਂ ਵੱਧ 60 ਦਿਨਾਂ ਦੀ ਕੈਦ ਦੀ ਸਜ਼ਾ ਦੇਣ ਜਾਂ £2500 ਜੁਰਮਾਨਾ ਲਾਉਣ ਦੀ ਹੁੰਦੀ ਹੈ। ਗਲਾਸਗੋ 'ਚ ਜਸਟਿਸ ਆੱਫ਼ ਦਿ ਪੀਸ ਅਦਾਲਤ ਅੰਦਰ ਸਟਾਈਪੈਂਡ-ਪ੍ਰਾਪਤ ਮਜਿਸਟ੍ਰੇਟ ਵੀ ਹੁੰਦੇ ਹਨ, ਜੋ ਕਿ ਕਾਨੂੰਨੀ ਤੌਰ 'ਤੇ ਯੋਗ ਹੁੰਦੇ ਹਨ ਅਤੇ ਉਹਨਾਂ ਨੂੰ ਸਮਰੀ ਫ਼ੌਜਦਾਰੀ ਕੇਸਾਂ ਵਿਚ ਸ਼ੈਰਿਫ਼ ਵਾਂਗ ਸਜ਼ਾ ਸੁਣਾਉਣ ਦਾ ਅਧਿਕਾਰ ਹੁੰਦਾ ਹੈ।

*ਹੋਰ ਜਾਣਕਾਰੀ ਲਈ http://www.scotcourts.gov.uk/jp/index.asp 'ਤੇ ਵਿਜ਼ਿਟ ਕਰੋ*

## SCS ਦਾ ਸਦਰ ਦਫ਼ਤਰ

SCS ਦਾ ਸਦਰ ਦਫ਼ਤਰ ਐਡਿਨਬਰਾ ਵਿਚ ਹੈ ਅਤੇ ਕਾਰਪੋਰੇਟ, ਵਿਉਂਤਬੰਦੀ ਅਤੇ ਸਹਿਯੋਗ ਸੇਵਾਵਾਂ ਦਿੰਦਾ ਹੈ। ਇਹਨਾਂ ਵਿਚ SCS Board ਲਈ ਮਾਲੀ, ਖ਼ਰੀਦਾਰੀ, ਪਾੱਲਿਸੀ ਅਤੇ ਵਿਉਂਤ, ਸੂਚਨਾ ਤਕਨਾਲੋਜੀ, ਮਨੁਖੀ ਵਸੀਲੇ, ਐਸਟੇਟ ਅਤੇ ਸੰਪਤੀ, ਸੰਚਾਰ ਅਤੇ ਸਕੱਤਰੇਤ ਸਹਿਯੋਗ ਸ਼ਾਮਿਲ ਹੈ।

*SCS ਬਾਰੇ ਹੋਰ ਜਾਣਕਾਰੀ ਲਈ www.scotcourts.gov.uk/courtsadmin/scs.asp 'ਤੇ ਵਿਜ਼ਿਟ ਕਰੋ*

## ਅਦਾਲਤੀ ਦਫ਼ਤਰ

The Judicial Office for Scotland ਦੀ ਸਥਾਪਨਾ ਲਾੱਰਡ ਪ੍ਰੈਜ਼ੀਡੈਂਟ ਵਲੋਂ ਸਕਾੱਟਿਸ਼ ਜੁਡੀਸ਼ਰੀ ਦੇ ਮੁਖੀ ਵਜੋਂ ਕੰਮ ਕੀਤੇ ਜਾਣ ਵਿਚ ਸਹਿਯੋਗ ਪ੍ਰਦਾਨ ਕਰਨ ਲਈ ਕੀਤੀ ਗਈ ਸੀ ਅਤੇ ਇਸ ਵਿਚ ਲਾੱਰਡ ਪ੍ਰੈਜ਼ੀਡੈਂਟ ਦਾ ਨਿਜੀ ਦਫ਼ਤਰ, ਅਦਾਲਤੀ ਅਧਿਅਨ ਕਮੇਟੀ ਦਾ ਸਟਾਫ਼ ਅਤੇ ਅਦਾਲਤੀ ਸੰਚਾਰ ਸ਼ਾਮਿਲ ਹੁੰਦਾ ਹੈ। ਦਫ਼ਤਰ ਦੇ ਕੰਮ ਵਿਚ ਲਾੱਰਡ ਪ੍ਰੈਜ਼ੀਡੈਂਟ ਨੂੰ ਪ੍ਰਬੰਧਕੀ ਸਲਾਹ ਅਤੇ ਸਹਿਯੋਗ ਪ੍ਰਦਾਨ ਕਰਨ ਤੋਂ ਲੈ ਕੇ ਅਦਾਲਤੀ ਦਫ਼ਤਰ ਵਿਚ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਨੂੰ ਮੀਡੀਆ ਅਤੇ ਸੰਚਾਰ ਸਬੰਧੀ ਸਲਾਹ ਅਤੇ ਸਹਿਯੋਗ ਦੇਣ ਤੱਕ ਹੈ।

*ਹੋਰ ਜਾਣਕਾਰੀ ਲਈ www.scotland-judiciary.org.uk/23/0/Judicial-Office-for-Scotland 'ਤੇ ਵਿਜ਼ਿਟ ਕਰੋ*

## ਅਦਾਲਤ ਦੇ ਦਫ਼ਤਰ ਦਾ ਅਕਾਉਂਟੈਂਟ

ਫ਼ਾਲਕਿਰਕ ਵਿਚ ਸਥਿਤ ਇਹ ਦਫ਼ਤਰ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਸੰਪਤੀ ਦਾ ਪ੍ਰਬੰਧ ਕਰਨ ਅਤੇ ਹੋਰ ਸੰਪਤੀਆਂ, ਜਿਥੇ ਦਿਲਚਸਪੀ ਰਖਣ ਵਾਲੀਆਂ ਧਿਰਾਂ ਵਿਚਕਾਰ ਵਿਵਾਦ ਹੋਵੇ, ਲਈ ਅਦਾਲਤਾਂ ਵਲੋਂ ਨਿਯੁਕਤ ਕੀਤੇ ਗਏ ਵਿਅਕਤੀਗਤ ਲੋਕਾਂ ਦੀ ਨਿਗਰਾਨੀ ਕਰਦਾ ਹੈ। ਅਕਾਉਂਟੈਂਟ ਅਦਾਲਤ ਵਲੋਂ ਲੋੜੀਂਦੀ ਰਕਮ ਰਖਣ ਸਬੰਧੀ ਪ੍ਰਬੰਧ ਵੀ ਵੇਖਦਾ ਹੈ।

*ਹੋਰ ਜਾਣਕਾਰੀ ਲਈ www.scotcourts.gov.uk/session/accountant.asp 'ਤੇ ਵਿਜ਼ਿਟ ਕਰੋ*

## ਪਬਲਿਕ ਗਾਰਜੀਅਨ ਦਾ ਦਫ਼ਤਰ

ਅਦਾਲਤ ਦਾ ਅਕਾਉਂਟੈਂਟ ਪਬਲਿਕ ਗਾਰਜੀਅਨ ਵੀ ਹੁੰਦਾ ਹੈ। ਸਕਾੱਟਲੈਂਡ ਵਿਚ The Office of the Public Guardian (OPG) ਦਾ ਕੰਮ ਆਮ ਤੌਰ 'ਤੇ ਉਹਨਾਂ ਲੋਕਾਂ ਦੀ ਨਿਗਰਾਨੀ ਕਰਨਾ ਹੁੰਦਾ ਹੈ, ਜਿਹਨਾਂ ਨੂੰ ਆਪਣਾ ਕੰਮ ਆਪ ਕਰਨ ਵਿਚ ਅਸਮਰੱਥ ਬਾਲਗ ਵਿਅਕਤੀਆਂ ਦੇ ਕੰਮਕਾਜ ਦਾ ਪ੍ਰਬੰਧ ਕਰਨ ਲਈ ਨਿਯੁਕਤ ਕੀਤਾ ਜਾਂਦਾ ਹੈ। ਇਹ ਦਫ਼ਤਰ ਫ਼ਾਲਕਿਰਕ ਵਿਚ ਸਥਿਤ ਹੈ ਅਤੇ ਸਾਰਾ ਸਕਾੱਟਲੈਂਡ ਇਸ ਦੇ ਘੇਰੇ 'ਚ ਆਉਂਦਾ ਹੈ।

ਅਸਮਰੱਥ ਬਾਲਗਾਂ ਸਬੰਧੀ (ਸਕਾੱਟਲੈਂਡ) ਕਾਨੂੰਨ ਤਹਿਤ OPG ਦੇ ਬਹੁਤ ਸਾਰੇ ਕੰਮ ਹੁੰਦੇ ਹਨ ਅਤੇ ਉਹ ਮੁਖ਼ਤਾਰਨਾਮੇ, ਫ਼ੰਡਾਂ ਤੱਕ ਪਹੁੰਚ, ਸਰਪ੍ਰਸਤੀ ਅਤੇ ਦਖਲਅੰਦਾਜ਼ੀ ਸਬੰਧੀ ਆਦੇਸ਼ਾਂ, ਅਤੇ ਜਾਂਚਾਂ ਬਾਰੇ ਜਾਣਕਾਰੀ, ਸਲਾਹ ਅਤੇ ਸੇਧ ਪ੍ਰਦਾਨ ਕਰਦਾ ਹੈ।

*ਪਬਲਿਕ ਗਾਰਜੀਅਨ ਬਾਰੇ ਹੋਰ ਜਾਣਕਾਰੀ ਲਈ www.publicguardian-scotland.gov.uk 'ਤੇ ਵਿਜ਼ਿਟ ਕਰੋ*

## ਹੋਰ ਜਾਣਕਾਰੀ

ਸਕੌਟਿਸ ਕੋਰਟ ਸਰਵਿਸ
[Scottish Court Service],
Saughton House,
Broomhouse Drive,
Edinburgh, EH11 3XD,

ਟੈਲੀਫ਼ੋਨ 0131 444 3300
ਫ਼ੈਕਸ 0131 443 2610
enquiries@scotcourts.gov.uk
*www.scotcourts.gov.uk*